ਸਾਂਝੀਆਂ ਜ਼ਿੰਮੇਵਾਰੀਆਂ

ਬੀ ਸੀ ਸੈਂਟਰ ਫਾਰ ਆਬਿਲਟੀ (ਬੀ ਸੀ ਸੀ ਐੱਫ ਏ) ਦੇ ਸਟਾਫ, ਪ੍ਰੋਗਰਾਮ ਲੀਡਰਾਂ, ਬੋਰਡ ਦੇ ਡਾਇਰੈਕਟਰਾਂ, ਕਲਾਇੰਟਾਂ, ਅਤੇ ਪਰਿਵਾਰਾਂ ਦੀ ਸਰਵਿਸ ਦੇਣ ਦਾ ਇਕ ਵਧੀਆ ਅਤੇ ਨਿਮਰਤਾ ਵਾਲਾ ਅਜਿਹਾ ਮਾਹੌਲ ਪੈਦਾ ਕਰਨ ਦੀ ਸਾਂਝੀ ਜ਼ਿੰਮੇਵਾਰੀ ਹੈ ਜਿਹੜਾ ਪਰਿਵਾਰਾਂ `ਤੇ ਕੇਂਦਰਿਤ ਹੁੰਦਾ ਹੈ ਅਤੇ ਕਲਾਇੰਟਾਂ ਦੀਆਂ ਲੋੜਾਂ ਅਤੇ ਤਰਜੀਹਾਂ ਦਾ ਆਦਰ ਕਰਦਾ ਹੈ। ਇਹ ਵਾਅਦੇ ਸਾਡੇ ਸੰਬੰਧਾਂ ਦਾ ਧੁਰਾ ਹਨ ਅਤੇ ਸਾਡੀ ਗੱਲਬਾਤ ਨੂੰ ਸੇਧ ਦਿੰਦੇ ਹਨ।

ਕਲਾਇੰਟਾਂ/ਪਰਿਵਾਰਾਂ/ਸੰਭਾਲ ਕਰਨ ਵਾਲਿਆਂ ਵਜੋਂ ਤੁਹਾਨੂੰ ਹੱਕ ਹਨ:

- ਕਿਸੇ ਵੀ ਵਿਤਕਰੇ ਤੋਂ ਬਿਨਾਂ, ਹਮਦਰਦੀ, ਸਨਮਾਨ, ਅਤੇ ਆਦਰ ਨਾਲ ਵਰਤਾਉ ਕੀਤੇ ਜਾਣ ਦਾ
- ਯੋਗਤਾ ਪ੍ਰਾਪਤ ਸਟਾਫ ਤੋਂ ਸਬੂਤ-ਆਧਾਰਿਤ ਸੇਵਾਵਾਂ ਲੈਣ ਦਾ
- ਆਪਣੇ ਅਤੇ/ਜਾਂ ਆਪਣੇ ਬੱਚਿਆਂ ਬਾਰੇ ਫੈਸਲੇ ਕਰਨ ਦਾ
- ਕੋਈ ਵੀ ਇਲਾਜ ਕਰਵਾਉਣ ਜਾਂ ਸੇਵਾਵਾਂ ਲੈਣ ਤੋਂ ਨਾਂਹ ਕਰਨ ਦਾ
- ਆਪਣੇ ਅਤੇ/ਜਾਂ ਆਪਣੇ ਬੱਚੇ ਦੇ ਬੀ ਸੀ ਸੀ ਐੱਫ ਏ ਵਿਚਲੇ ਰਿਕਾਰਡ ਦੇਖਣ ਦਾ
- ਹੋਰ ਵਸੀਲਿਆਂ (ਜਿਵੇਂ ਹਸਪਤਾਲ, ਸਕੂਲ) ਨੂੰ/ਤੋਂ ਢੁਕਵੀਂ ਜਾਣਕਾਰੀ ਇਕੱਠੀ ਕਰਨ ਅਤੇ/ਜਾਂ ਦੇਣ ਲਈ ਬੀ ਸੀ ਸੀ ਐੱਫ ਏ ਨੂੰ ਆਗਿਆ ਨਾ ਦੇਣ ਦਾ ਜਾਂ ਆਗਿਆ ਦੇਣ ਦਾ
- ਭੇਤਦਾਰੀ, ਪ੍ਰਾਈਵੇਸੀ, ਅਤੇ ਪਾਰਦਰਸ਼ਤਾ ਦਾ
- ਬੀ ਸੀ ਸੀ ਐੱਫ ਏ ਦੀਆਂ ਸੇਵਾਵਾਂ ਦੇ ਸੰਬੰਧ ਵਿਚ ਆਪਣੇ ਫਿਕਰ ਅਤੇ ਸ਼ਿਕਾਇਤਾਂ ਦੀ ਰਿਪੋਰਟ ਕਰਨ ਦਾ

ਕੇਅਰ ਵਿਚ ਹਿੱਸੇਦਾਰਾਂ ਵਜੋਂ, ਕਲਾਇੰਟਾਂ/ਪਰਿਵਾਰਾਂ/ਸੰਭਾਲ ਕਰਨ ਵਾਲਿਆਂ ਅਤੇ ਬੀ ਸੀ ਸੀ ਐੱਫ ਏ ਦੇ ਸਟਾਫ ਅਤੇ ਪ੍ਰੋਗਰਾਮ ਲੀਡਰਾਂ ਦੀ ਇਹ ਕਰਨ ਦੀ ਸਾਂਝੀ ਜ਼ਿੰਮੇਵਾਰੀ ਹੈ:

- ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਿਨਾਂ, ਇਕ ਦੂਜੇ ਨਾਲ ਹਮਦਰਦੀ, ਸਨਮਾਨ, ਅਤੇ ਆਦਰ ਵਾਲਾ ਵਰਤਾਉ ਕਰਨ ਦੀ
- ਇਕ ਦੂਜੇ ਨੂੰ ਸੁਰੱਖਿਅਤ ਰੱਖਣ ਦੀ
- ਕਿਸੇ ਵੀ ਉਸ ਜਾਣਕਾਰੀ ਬਾਰੇ ਇਮਾਨਦਾਰ, ਪਾਰਦਰਸ਼ੀ ਅਤੇ ਸਪਸ਼ਟ ਰਹਿਣ ਦੀ ਜਿਹੜੀ ਕੇਅਰ ਜਾਂ ਸਰਵਿਸ ਦੇ ਟੀਚਿਆਂ `ਤੇ ਅਸਰ ਪਾ ਸਕਦੀ ਹੋਵੇ
- ਸਮੇਂ ਸਿਰ ਅਪੌਇੰਟਮੈਂਟਾਂ ਕੈਂਸਲ ਕਰਨ ਅਤੇ ਦੁਬਾਰਾ ਬਣਾਉਣ ਦੀ
- ਖੁੱਲ੍ਹੀ ਅਤੇ ਆਦਰ ਵਾਲੀ ਗੱਲਬਾਤ ਕਰਨ ਦੀ
- ਫਿਕਰ ਅਤੇ ਸ਼ਿਕਾਇਤਾਂ ਦਰਜ ਕਰਵਾਉਣ ਲਈ ਬੀ ਸੀ ਸੀ ਐੱਫ ਏ ਸਰਵਿਸ ਕਮਪਲੇਂਟ ਰਿਪੋਰਟਿੰਗ ਗਾਈਡਲਾਈਨਜ਼ ਦੀ ਪਾਲਣਾ ਕਰਨ ਦੀ

ਜੇ ਤੁਹਾਡੇ ਮਨ ਵਿਚ ਬੀ ਸੀ ਸੈਂਟਰ ਫਾਰ ਆਬਿਲਟੀ ਅਤੇ/ਜਾਂ ਸਾਡੇ ਸਟਾਫ ਦੇ ਸੰਬੰਧ ਵਿਚ ਇਹ ਫਿਕਰ ਹੋਣ ਕਿ ਇਹ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ ਤਾਂ ਅਸੀਂ ਤੁਹਾਨੂੰ ਆਪਣੇ ਫਿਕਰ ਬੀ ਸੀ ਸੀ ਐੱਫ ਏ ਸਰਵਿਸ ਕਮਪਲੇਂਟ ਰਿਪੋਰਟਿੰਗ ਗਾਈਡਲਾਈਨਜ਼ ਦੀ ਪਾਲਣਾ ਕਰਦੇ ਹੋਏ ਹੇਠਾਂ ਦੱਸੇ ਮੁਤਾਬਕ ਰਿਪੋਰਟ ਕਰਨ ਲਈ ਉਤਸ਼ਾਹ ਦਿੰਦੇ ਹਾਂ:

ਬੀ ਸੀ ਸੀ ਐੱਫ ਏ ਸਰਵਿਸ ਕਮਪਲੇਂਟ ਰਿਪੋਰਟਿੰਗ ਗਾਈਡਲਾਈਨਜ਼

1. ਆਪਣੇ ਫਿਕਰ ਜਾਂ ਸ਼ਿਕਾਇਤ 604-451-5511 `ਤੇ ਫੋਨ ਕਰਕੇ ਅਤੇ ਸਿੱਧਾ ਆਪਣੇ ਸਰਵਿਸ ਪ੍ਰੋਵਾਈਡਰ ਨਾਲ ਗੱਲ ਕਰਕੇ ਦੱਸੋ।
2. ਜੇ ਤੁਹਾਡੇ ਫਿਕਰ ਜਾਂ ਸ਼ਿਕਾਇਤ ਦਾ ਹੱਲ ਸਰਵਿਸ ਪ੍ਰੋਵਾਈਡਰ ਨਾਲ ਸਿੱਧਾ ਗੱਲ ਕਰਕੇ ਨਾ ਹੋਵੇ ਤਾਂ ਕਿਰਪਾ ਕਰਕੇ 604-451-5511 ਨੂੰ ਫੋਨ ਕਰੋ ਅਤੇ ਆਪਣੇ ਅਤੇ/ਜਾਂ ਆਪਣੇ ਬੱਚੇ ਦੇ ਪ੍ਰੋਗਰਾਮ ਲੀਡਰ ਨਾਲ ਸੰਪਰਕ ਕਰੋ। ਸਾਡੀ ਲੀਡਰਸ਼ਿਪ ਟੀਮ ਦੀ ਪੂਰੀ ਲਿਸਟ ਲਈ ਕਿਰਪਾ ਕਰਕੇ https://bc-cfa.org/about-us/leadership/ `ਤੇ ਜਾਉ।
3. ਜੇ ਤੁਹਾਡੇ ਫਿਕਰ ਜਾਂ ਸ਼ਿਕਾਇਤ ਦਾ ਹੱਲ ਪ੍ਰੋਗਰਾਮ ਲੀਡਰ ਨਾਲ ਗੱਲ ਕਰਕੇ ਨਾ ਹੋਵੇ ਤਾਂ ਕਿਰਪਾ ਕਰਕੇ ਐਗਜ਼ੈਕਟਿਵ ਡਾਇਰੈਕਟਰ ਅਤੇ/ਜਾਂ ਬੋਰਡ ਦੇ ਡਾਇਰੈਕਟਰਾਂ ਨਾਲ ਸੰਪਰਕ ਕਰੋ।
4. ਜੇ ਹੱਲ ਨਾ ਹੋ ਸਕਦਾ ਹੋਵੇ ਤਾਂ ਐਗਜ਼ੈਕਟਿਵ ਡਾਇਰੈਕਟਰ ਅਤੇ ਬੋਰਡ ਦੇ ਡਾਇਰੈਕਟਰ, ਕੌਨਟਰੈਕਟ ਦੇਣ ਵਾਲੀ ਢੁਕਵੀਂ ਮਨਿਸਟਰੀ ਜਾਂ ਫੰਡ ਦੇਣ ਵਾਲੀ ਏਜੰਸੀ ਨੂੰ ਸ਼ਾਮਲ ਕਰਨ ਲਈ ਕਲਾਇੰਟ/ਪਰਿਵਾਰ ਨਾਲ ਰਲ ਕੇ ਕੰਮ ਕਰਨਗੇ।